# ਮੇਰਾ ਧਰਮ ਮੇਰਾ ਇਤਿਹਾਸ



ਅਵਤਾਰ ਸਿੰਘ ਗਿੱਲ

ੴ ਵਾਹਿਗੁਰੂ ਜੀ ਕੀ ਫ਼ਤਹ ॥

# ਮੇਰਾ ਧਰਮ
# ਮੇਰਾ ਇਤਿਹਾਸ


ਕ੍ਰਿਤ :—

ਅਵਤਾਰ ਸਿੰਘ 'ਗਿੱਲ'



ਪ੍ਰਕਾਸ਼ਕ :

**ਧਰਮ ਪ੍ਰਚਾਰ ਕਮੇਟੀ,**

**(ਸ਼੍ਰੋਮਣੀ ਗੁ: ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ ।**

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਸ੍ਰੀ ਅੰਮ੍ਰਿਤਸਰ ।

ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ ॥
ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ ॥
(ਵਡਹੰਸ ਕੀ ਵਾਰ ਮਹਲਾ ੩–੫੯੧)

੧੯੮੬ 2000

ਛਾਪਣ ਵਾਲੇ :
ਗੁਰਦੁਆਰਾ ਪ੍ਰਿੰਟਿੰਗ ਪ੍ਰੈਸ,
ਰਾਮਸਰ ਰੋਡ, ਅੰਮ੍ਰਿਤਸਰ ।
ਟੈਲੀਫਨ–43558

# ਆਧਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ-ਬਾਣੀ ਸਿੱਖ ਸੰਗਤ ਦਾ ਮਹਾਨ ਕੀਮਤੀ ਖਜ਼ਾਨਾ ਹੈ ਜੋ ਗੁਰੂ ਸਾਹਿਬਾਨ ਤੋਂ ਉਪਰੰਤ ਵੀ ਪ੍ਰਾਣੀ ਮਾਤਰ ਨੂੰ ਜੁਗੋ ਜੁਗ ਜੀਅ ਦਾਨ ਕਰਦਾ ਰਹੇਗਾ ਅਤੇ ਉਸ ਦੀ ਕਲਿਆਣ ਦਾ ਸੋਮਾ ਵਗਦਾ ਰਹੇਗਾ। ਸਿੱਖ ਇਤਿਹਾਸ ਉਤੇ ਵੀ ਕਥਨੀ ਤੇ ਕਰਣੀ ਦੇ ਪੂਰਿਆਂ, ਸੂਰਿਆਂ ਅਤੇ ਸਚਿਆਰਿਆਂ ਅਤੇ ਮਰਜੀਵੜਿਆਂ, ਅਣਖੀਲਿਆਂ ਅਤੇ ਪਰ-ਉਪਕਾਰੀ ਸੰਗਰਾਮੀਆਂ ਦੀ ਅਮਿੱਟ ਮੁਹਰ-ਛਾਪ ਲੱਗੀ ਹੋਈ ਹੈ। ਇਹੋ ਕਾਰਨ ਹੈ ਕਿ ਸਮੇਂ ਸਮੇਂ ਗੁਰਬਾਣੀ ਤੇ ਸਿੱਖ ਇਤਿਹਾਸ ਦੇ ਬਹੁਤੇ ਪ੍ਰੇਮੀਆਂ ਤੇ ਖੋਜੀਆਂ ਨੇ ਆਪਣੀ ਸੁਚੱਜੀ ਲੇਖਣੀ ਸਦਕਾ ਸ਼ਰਧਾ ਦੇ ਫੁੱਲ ਚੜ੍ਹਾਉਣ ਦਾ ਯਤਨ ਕੀਤਾ ਹੈ। ਇਹ ਹੱਥਲੀ ਪੁਸਤਕ ਵੀ ਇਸੇ ਸ੍ਰੇਣੀ ਦੇ ਇਕ ਸ਼ਰਧਾਲੂ, ਸ: ਅਵਤਾਰ ਸਿੰਘ ਗਿੱਲ, ਦਾ ਇਕ ਉੱਤਮ ਉੱਦਮ ਹੈ। ਇਸ ਪੁਸਤਕ ਵਿਚ ਗਿੱਲ ਸਾਹਿਬ ਨੇ ਗੁਰਬਾਣੀ ਦੀਆਂ ਤੁਕਾਂ ਯਾ ਇਤਿ-ਹਾਸਕ ਵਿਸ਼ਿਆਂ ਦੇ ਸਿਰਲੇਖਾਂ ਦੇ ਆਧਾਰ ਤੇ ਸੁੰਦਰ ਵਿਦਵਤਾ-ਭਰਪੂਰ ਤੇ ਸ਼ੰਕੇ ਨਵਿਰਤ ਕਰਨ ਵਾਲੇ ਲੇਖ ਲਿਖੇ ਹਨ, ਜੋ ਸਹੀ ਸੇਧ ਦਰਸਾਉਂਦੇ ਹਨ। ਉਤਸ਼ਾਹੀ ਲੇਖਕ ਨੇ ਅਤਿਅੰਤ ਸੋਝੀ ਨਾਲ ਕਈ ਵਾਦ-ਵਿਵਾਦੀ ਵਿਸ਼ਿਆਂ ਨੂੰ ਫਲਸਫਾਨਾ, ਬਾ-ਦਲੀਲ ਤੇ ਢੁੱਕਵੇਂ ਪ੍ਰਮਾਣਾਂ ਨਾਲ,ਸਫਲਤਾ ਸਹਿਤ,ਸੁਲਝਾਉਣ ਦਾ ਯਤਨ ਕੀਤਾ ਹੈ। ਸਾਧਾਰਣ ਪਾਠਕ ਵੀ ਪੁਸਤਕ ਦੇ ਲੇਖਾਂ ਨੂੰ ਉਤਸੁਕਤਾ ਤੇ ਲਗਨ ਨਾਲ ਪੜ੍ਹੇਗਾ, ਉਸ ਵਿਚ ਵਧੇਰੇ ਜਾਨਣ ਦੀ ਰੁਚੀ ਉਪਜੇਗੀ। ਸੋ ਲੇਖਕ ਦੀ ਘਾਲ ਫਲੀ-ਭੂਤ ਹੋਈ।

''ਜੀਅ ਕੀ ਬਿਰਥਾ ਹੋਇ, ਸੋ ਗੁਰ ਪਹਿ ਅਰਦਾਸਿ ਕਰਿ।''

ਦੇ ਮਹਾਂ-ਵਾਕ ਅਨੁਸਾਰ, ਕਲਗੀਆਂ ਵਾਲੇ, ਦਸ਼ਮੇਸ਼ ਪਿਤਾ, ਸਰਬੰਸਦਾਨੀ ਦੇ ਚਰਨਾਂ ਵਿਚ 'ਦੋਇ ਕਰ' ਜੋੜੇ, ਹਿਤੋਂ ਚਿਤੋਂ,ਅਰਦਾਸ ਕਰਦਾ ਹਾਂ ਕਿ ਲੇਖਕ ਨੂੰ ਵਧੇਰੇ ਸ਼ਕਤੀ ਬਖਸ਼ੋ ਤਾਂ ਜੋ ਆਪਣੀ ਸੱਚੀ ਸੁੱਚੀ ਲੇਖਣੀ ਰਾਹੀਂ ਗੁਰੂ ਪੰਥ ਦੀ ਸੇਵਾ ਕਰਦੇ ਰਹਿਣ। 'ਨਾਨਕੁ ਨਦਰੀ ਕਰਮੀ ਦਾਤਿ ॥'

੪੦੮/੧, ਕ੍ਰਿਸ਼ਨ ਨਗਰ,
ਲੁਧਿਆਣਾ
੧੩ ਜਨਵਰੀ ੧੯੮੩।

ਨਾਹਰ ਸਿੰਘ ਗਰੇਵਾਲ
ਐਮ.ਏ., ਪੀ.ਈ.ਐਸ. (ਰੀਟਾਇਰਡ)
ਨੈਸ਼ਨਲ ਐਵਾਰਡ ਜੇਤ

# ਮੁੱਖ-ਸ਼ਬਦ

ਕਿਸੇ ਲੇਖਕ ਲਈ ਸਾਧਾਰਨ ਪੁਸਤਕ ਲਿਖਣਾ ਬਹੁਤਾ ਔਖਾ ਨਹੀਂ ਪਰ ਉਸ ਨੂੰ ਛਪਵਾਉਣਾ, ਲੇਖਕ ਦੇ ਆਪਣੇ ਵਸੀਲਿਆਂ ਅਨੁਸਾਰ ਜੇ ਅਸੰਭਵ ਨਹੀਂ ਤਾਂ ਅਤਿ ਕਠਨ ਜ਼ਰੂਰ ਹੈ। ਇਕ ਧਾਰਮਕ ਲੇਖਕ ਲਈ ਤਾਂ ਇਹ ਕਾਰਜ ਵਿਪਤਾ ਹੀ ਬਣ ਜਾਂਦਾ ਹੈ। ਸਾਡੇ ਸਮਾਜ ਵਿਚ ਧਾਰਮਕ ਰੁਚੀਆਂ ਤਾਂ ਅਭਾਵ ਹੀ ਹਨ ਅਤੇ ਸਿੱਖ ਧਾਰਮਕ ਸੰਸਥਾਵਾਂ ਵੀ ਕਿਤਾਬਾਂ ਦੀ ਛਪਾਈ ਸਮੇਂ ਮਾਲੀ ਹਾਣ-ਲਾਭ ਨੂੰ ਮੁੱਖ ਰੱਖਦੀਆਂ ਹਨ, ਨਿਰੋਲ ਪਰਚਾਰ ਨੂੰ ਅੱਖੋਂ ਓਹਲੇ ਕਰ ਦਿੰਦੀਆਂ ਹਨ ਯਾ ਕੁਛ ਈਰਖਾ-ਵਾਦੀ ਬੰਦੇ ਇਕ ਚੰਗੀ ਭਲੀ ਰਚਨਾ ਨਖਿੱਧ ਆਖ ਕੇ ਰੱਦ ਕਰ ਦਿੰਦੇ ਹਨ। ਇਸ ਪਰਕਾਰ ਉਸਾਰੂ ਧਾਰਮਕ ਸਾਹਿਤਕਾਰਾਂ ਦੀਆਂ ਕਿਰਤਾਂ ਦਾ ਘੁੱਟ ਭਰਿਆ ਜਾਂਦਾ ਹੈ। ਸੋ ਮੇਰੇ ਵਾਂਗ ਨਵੇਂ ਲੇਖਕ ਤਾਂ ਗੁਰਮਤਿ ਸਾਹਿਤ ਲਈ ਕਲਮ ਚੁੱਕਣ ਦਾ ਹੀਆ ਹੀ ਨਹੀਂ ਕਰਦੇ।

ਸਰਾਭਾ ਨਗਰ ਲੁਧਿਆਣਾ ਦੇ ਵਸਨੀਕ ਹੋਣ ਦੇ ਕਾਰਣ ਮੈਨੂੰ ਗੁਰਦੁਆਰਾ ਸਾਹਿਬ, ਸ੍ਰੀ ਗੁਰੂ ਸਿੰਘ ਸਭਾ (ਰਜਿ:) ਕਰਤਾਰ ਸਿੰਘ ਸਰਾਭਾ ਨਗਰ ਲੁਧਿਆਣਾ ਵਿਚ ਸੰਗਤ ਵਿਚ ਮਿਲ ਬੈਠਣ ਦਾ ਅਨਮੋਲ ਸੁਭਾਗ ਮਿਲਿਆ ਤਾਂ ਗੁਰਮੁਖ ਪ੍ਰਬੰਧਕਾਂ ਦੀਆਂ ਨਿਰੋਲ ਸਿੱਖ ਧਰਮ-ਪ੍ਰਚਾਰਕ ਰੁਚੀਆਂ ਨੇ ਪ੍ਰੇਰਨਾ ਦਿੱਤੀ ਜਿਸ ਦੇ ਫਲ-ਸਰੂਪ ਹਰ ਮਹੀਨੇ ਗੁਰਦੁਆਰਾ ਸਾਹਿਬ ਵਲੋਂ ਇਕ ਧਾਰਮਕ ਤੇ ਇਤਿਹਾਸਕ ਟਰੈਕਟ ਲਿਖਣ ਦਾ ਅਵਸਰ ਮਿਲਿਆ। ਸ੍ਰੀ ਗੁਰੂ ਗਰੰਥ ਸਾਹਿਬ ਦਸ ਗੁਰੂ ਸਾਹਿਬਾਨ ਦਾ ਆਤਮਕ ਸਰੂਪ ਤੇ ਸਰਬ ਸ੍ਰੇਸ਼ਟ ਭਗਤਾਂ ਦਾ ਉਪਦੇਸ਼ ਹਨ। ਗੁਰਬਾਣੀ ਵਿਚ ਦਸੇ ਜੀਵਨ-ਮਾਰਗ ਨੂੰ ਅਪਣਾਉਣਾ ਹੀ ਗੁਰਮਤਿ ਨੂੰ ਧਾਰਨ ਕਰਨਾ ਹੈ। ਅਜੇ ਨਾਮ-ਅਭਿਆਸੀ ਗੁਰਸਿੱਖਾਂ ਦੀ ਹੋਂਦ ਮੁੱਕੀ ਤਾਂ ਨਹੀਂ ਹੈ ਪਰ ਕੁਛ ਵਿਰਲੇ ਤੇ ਗੁਪਤ ਜਿਹੇ ਹੋਣ ਦੇ ਕਾਰਣ ਪਾਖੰਡ ਪਰਧਾਨ ਹੋ ਗਿਆ

ਹੈ ਅਤੇ ਕਈ ਸੁਆਰਥੀ ਸੰਤ ਯਾ ਗੁਰੂ ਬਣ ਬੈਠੇ ਹਨ ਜੋ ਅਨਭੋਲ ਗੁਰੂ ਪਿਆਰਿਆਂ ਨੂੰ ਪੁੱਠੇ ਰਾਹ ਪਾ ਕੇ ਸਿਖੀਓਂ ਤੋੜ ਰਹੇ ਹਨ। ਸਾਡੇ ਪ੍ਰਚਾਰਕ, ਕਥਾ-ਵਾਚਕ ਤੇ ਕੀਰਤਨੀਏ ਵੀ ਮਾਯਾ ਦੇ ਗ੍ਰਸੇ ਹੋਏ ਭਟਕਦੇ ਫਿਰਦੇ ਹਨ। ਹਰ ਗੁਰਸਿੱਖ ਨੇ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਲੈਣੀ ਹੈ ਤੇ ਇਸ ਲਈ ਜ਼ਰੂਰੀ ਹੈ ਕਿ ਉਹ ਪੂਰਨ ਰੂਪ ਵਿੱਚ ਗੁਰਬਾਣੀ ਨਾਲ ਮਨ ਨੂੰ ਜੋੜੇ ਤੇ ਗੁਰ-ਸ਼ਬਦ ਅਨੁਸਾਰ ਉਸ ਨੂੰ ਹੋੜੇ ਤੇ ਮੋੜੇ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਸਿੱਖ ਨੂੰ ਗੁਰਬਾਣੀ ਦੇ ਅਰਥ-ਭਾਵ ਦਾ ਪੂਰੀ ਤਰ੍ਹਾਂ ਬੋਧ ਹੋਵੇ। ਇਸ ਪੁਸਤਕ ਵਿਚ, ਜੋ ਕਿ ਹਰ ਮਹੀਨੇ ਲਿਖੇ ਟਰੈਕਟਾਂ ਦਾ ਸੰਗ੍ਰਹਿ ਹੈ, ਵਿਸ਼ੇਸ਼ ਕਰਕੇ ਬਾਣੀ ਵਿਚੋਂ ਸ਼ਬਦ ਲੈ ਕੇ ਕੁਛ ਵਿਆ-ਖਿਆ ਰਾਹੀਂ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ ਕਿ ਅਧਿਆਤ-ਮਕਤਾ ਵੱਲ ਝੁਕ ਰਹੇ ਸਿੱਖ ਨੂੰ ਰਚਨਹਾਰ ਦੀ ਚੇਤੰਨਤਾ ਦੀ ਸੋਝੀ ਆ ਜਾਵੇ ਅਤੇ ਪਰਾਣੀ ਮਾਤਰ ਨੂੰ ਨਿਤਾਪ੍ਰਤੀ ਦੇ ਕੰਮਾਂ-ਕਾਜਾਂ ਕਾਰਾਂ-ਵਿਹਾਰਾਂ, ਬਚਨਾਂ-ਵਿਚਾਰਾਂ ਤੇ ਫੁਰਨਿਆਂ ਅਤੇ ਅਮਲਾਂ ਵਿੱਚ ਸੁਚੱਜੀ ਸੇਧ ਦੇਵੇ ਤਾਂ ਜੋ ਉਸ ਦੀ ਜੀਵਨ ਯਾਤਰਾ ਸਫਲ ਹੋਵੇ।

ਆਸ ਹੈ ਕਿ ਇਹ ਨਿਮਾਣਾ ਤੇ ਊਣਾ ਜਿਹਾ ਯਤਨ ਜਗਿਆਸੂਆਂ ਲਈ ਬਹੁਤਾ ਨਹੀਂ ਤਾਂ ਤਿਲ ਭਰ ਲਾਭ ਅਵੱਸ਼ ਪਹੁੰਚਾਉਣ ਵਿਚ ਸਫ਼ਲ ਸਿੱਧ ਹੋਵੇਗਾ ਅਤੇ ਮੇਰੇ ਸੁਝਵਾਨ ਪਾਠਕ ਇਸ ਵਿਚਲੀਆਂ ਊਣਤਾਈਆਂ ਨੂੰ ਅੱਖੋਂ ਓਹਲੇ ਕਰਕੇ ਮੇਰੀ ਭਾਵਨਾ ਨੂੰ ਕਬੂਲਣਗੇ।

੧੨-ਡੀ, ਸਰਾਭਾ ਨਗਰ, ਲੁਧਿਆਣਾ

ਅਵਤਾਰ ਸਿੰਘ ਗਿੱਲ

ਜਨਵਰੀ ੧੪, ੧੯੮੩

# ਦੋ ਸ਼ਬਦ

ਗੁਰਬਾਣੀ, ਗੁਰਮਤਿ ਸਿਧਾਂਤ ਹੈ ਅਤੇ ਸਿੱਖ ਇਤਿਹਾਸ ਇਸ ਦਾ ਅਮਲ। ਇਸ ਪੁਸਤਕ ਵਿਚ ਇਨ੍ਹਾਂ ਦੋਨਾਂ ਪੱਖਾਂ ਨੂੰ ਐਸੇ ਸੁਚੱਜੇ ਢੰਗ ਨਾਲ ਵਿਖਿਆਨਣ ਦਾ ਸੁਚੱਜਾ ਯਤਨ ਕੀਤਾ ਗਿਆ ਹੈ ਕਿ ਇਸ ਵਿਚੋਂ ਸਿਧਾਂਤ ਅਤੇ ਉਸ ਦੇ ਅਮਲ ਦੀ ਸੁਮੇਲਤਾ ਦੇ ਝਲਕਾਰੇ ਸਪੱਸ਼ਟ ਤੇ ਪ੍ਰਗਟ ਰੂਪ ਵਿਚ ਨਜ਼ਰੀਂ ਪੈਂਦੇ ਹਨ।

ਪ੍ਰਾਣੀ ਨੇ ਅਕਾਲ ਪੁਰਖ ਦੀ ਹੋਂਦ ਨੂੰ ਮੰਨਦਿਆਂ, ਗੁਰੂ ਅੱਗੇ ਸਿਰ ਨਿਵਾਂਦਿਆਂ, ਪ੍ਰਭੂ ਦੇ ਬਣਾਏ ਜੀਵਾਂ ਦਾ ਸਤਿਕਾਰ ਕਰਦਿਆਂ, ਸੰਤਾਂ ਦਾ ਪੱਖ ਲੈਂਦਿਆਂ ਦੁਸ਼ਟਾਂ ਨੂੰ ਸੋਧਦਿਆਂ, ਸੰਗਤ-ਪੰਗਤ ਦਾ ਅਨੰਦ ਮਾਣ-ਦਿਆਂ, ਧਰਮ ਦੀ ਕ੍ਰਿਤ ਕਰਦਿਆਂ ਤੇ ਵੰਡ ਕੇ ਛੱਕਦਿਆਂ ਇਹ ਜੀਵਨ ਜੀਊਣਾ ਹੈ। ਹਉਮੈਂ ਨੂੰ ਖਤਮ ਕਰ ਅਕਾਲ ਪੁਰਖ ਪਾਸ ਅਰਦਾਸਾਂ ਜੋਦੜੀਆਂ ਕਰਕੇ ਉਸ ਦੀ ਨਦਰ ਕ੍ਰਿਪਾ ਦੇ ਪਾਤਰ ਬਣਨਾ ਹੈ ਅਤੇ ਇਸ ਤਰ੍ਹਾਂ ਇਸ ਮਨੁੱਖਾ ਜਨਮ ਤੇ'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨਾ ਹੈ।

ਪੁਸਤਕ ਵਿਚ ਇਸ ਗੁਰਮਤਿ ਮਾਰਗ ਨੂੰ ਬੜੇ ਅਸਾਨ ਅਤੇ ਠੇਠ ਭਾਸ਼ਾ ਰਾਹੀਂ ਸਮਝਾਉਣ ਦਾ ਯਤਨ ਕੀਤਾ ਗਿਆ ਹੈ। 'ਅਕਾਲ ਪੁਰਖ', 'ਗੁਰੂ', 'ਸੇਵਾ', 'ਹਉਮੈਂ', 'ਸੰਗਤ', ਆਦਿ ਰਹਿਸਵਾਦੀ ਸੰਕਲਪਾਂ ਉੱਪਰ ਗੰਭੀਰਤਾ ਨਾਲ ਵਿਸਤ੍ਰਿਤ ਵਿਚਾਰ ਦੇ ਕੇ ਲੇਖਕ ਨੇ ਇਨ੍ਹਾਂ ਨੂੰ ਸਾਧਾਰਨ ਖੱਧਰ ਦੇ ਲੋਕਾਂ ਦੇ ਸਮਝ ਗੋਚਰੇ ਬਣਾ ਦੇਣ ਦਾ ਸ਼ਲਾਘਾ ਯੋਗ ਉਪਰਾਲਾ ਕੀਤਾ ਹੈ। ਇਸ ਤੋਂ ਇਲਾਵਾ 'ਕੇਸਾਂ' ਬਾਰੇ ਅਤੇ 'ਕ੍ਰਿਪਾਨ' ਉੱਪਰ ਲਿਖੇ ਲੇਖ ਵੀ ਭਰਪਰ ਜਾਣਕਾਰੀ ਵਾਲੇ ਹਨ।

ਪੁਸਤਕ ਵਿਚ ਇਤਿਹਾਸਕ ਲੇਖ ਘੋਖਵੀਂ ਖੋਜ ਤੇ ਅਧਾਰਤ ਹਨ ਅਤੇ ਸਭ ਤੋਂ ਵੱਡੀ ਗੱਲ ਕਿ ਇਹ ਬਹੁਤ ਹੀ ਸ਼ਰਧਾ ਪੂਰਵਕ ਢੰਗ ਨਾਲ ਲਿਖੇ ਗਏ ਹਨ 'ਮਹਾਰਾਜਾ ਰਣਜੀਤ ਸਿੰਘ', 'ਸ਼ਹੀਦੀ ਸਾਕਾ ਨਨਕਾਣਾ ਸਾਹਿਬ' ਤੇ 'ਦਲ ਖਾਲਸਾ' ਲੇਖ ਵਿਸਤ੍ਰਿਤ ਜਾਣਕਾਰੀ ਦੇਂਦਿਆਂ ਕਈ ਪ੍ਰਕਾਰ ਦੇ ਸ਼ੰਕਿਆਂ ਨੂੰ ਵੀ ਦੂਰ ਕਰਦੇ ਹਨ।

ਧਰਮ ਪ੍ਰਚਾਰ ਕਮੇਟੀ (ਸ਼੍ਰੋ: ਗੁ: ਪ੍ਰ: ਕਮੇਟੀ) ਨੇ ਇਸ ਪੁਸਤਕ ਨੂੰ ਗੁਰਮਤਿ ਸਿਧਾਂਤ ਤੇ ਸਿੱਖ ਇਤਿਹਾਸ ਦੇ ਪ੍ਰੇਮੀਆਂ ਲਈ ਲਾਹੇਵੰਦੀ ਜਾਣਕੇ ਪ੍ਰਕਾਸ਼ਤ ਕੀਤਾ ਹੈ। ਆਸ ਹੈ ਪਾਠਕ ਇਸ ਤੋਂ ਲਾਭ ਉਠਾਣਗੇ।

ਮਿਤੀ
੨-੫-੧੯੯੬

ਵਰਿਆਮ ਸਿੰਘ
ਸੰਪਾਦਕ ਗੁਰਮਤਿ ਪ੍ਰਕਾਸ਼

# ਵਿਸ਼ਾ-ਸੂਚੀ

( ਭਾਗ ੳ )


| | | ਸਫ਼ਾ |
|---|---|---|
| ੧. | ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ | ੧ |
| ੨. | ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ | ੧੭ |
| ੩. | ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ | ੨੯ |
| ੪. | ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ | ੪੩ |
| ੫. | ਸਭਿ ਸਿੱਖਨ ਕੋ ਹੁਕਮੁ ਹੈ ਗੁਰੂ ਮਾਨੀਓ ਗ੍ਰੰਥ | ੫੪ |
| ੬. | ਸੋ ਕਿਉ ਮੰਦਾ ਆਖੀਐ ਜਿਤਿ ਜੰਮਹਿ ਰਾਜਾਨ | ੭੦ |
| ੭. | ਘਾਲਿ ਖਾਇ ਕਿਛੁ ਹਥਹੁ ਦੇਇ | ੮੪ |
| ੮. | ਜ਼ਫ਼ਰ ਨਾਮਹ | ੯੪ |
| ੯. | ਸਤਿਗੁਰ ਬਾਝਹੁ ਸੰਗਤਿ ਨ ਹੋਈ | ੧੧੧ |
| ੧੦. | ਮਮ ਪ੍ਰਤਿਪਾਰਣ, ਜੈ ਤੇਗੰ | ੧੨੨ |
| ੧੧. | ਸਿੱਖੀ ਸਿਦਕ ਕੇਸਾਂ ਸ੍ਵਾਸਾਂ ਸੰਗ | ੧੪੦ |
| ੧੨. | ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ | ੧੫੪ |
| ੧੩. | ਸਤਿ ਸ੍ਰੀ ਅਕਾਲ | ੧੭੭ |
| ੧੪. | ਅਕਾਲ ਪੁਰਖ ਵਾਹਿਗੁਰੂ | ੧੮੫ |
| ੧੫. | ਨਾ ਹਮ ਹਿੰਦੂ ਨ ਮੁਸਲਮਾਨ | ੧੯੪ |
| ੧੬. | ਜਦ ਸੰਗਤ ਬਣੀ ਖਾਲਸਾ | ੨੦੪ |


( ਭਾਗ ਅ )


| | | |
|---|---|---|
| ੧੭. | ਗੁਰਸਿੱਖ ਮਹਾਰਾਜਾ ਰਣਜੀਤ ਸਿੰਘ | ੨੧੭ |
| ੧੮. | ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ | ੨੪੬ |
| ੧੯. | ਸ੍ਰੀ ਨਨਕਾਣਾ ਸਾਹਿਬ ਪੰਥਕ ਹੱਥਾਂ ਵਿਚ | ੨੭੪ |
| ੨੦. | ਜਦ ਦਲ ਖਾਲਸਾ ਹੋਂਦ ਵਿਚ ਆਇਆ | ੨੯੩ |
| ੨੧. | ਸਰਬੱਤ ਖਾਲਸਾ ਅਤੇ ਗੁਰਮਤਾ | ੩੦੬ |

# ਮੇਰਾ ਧਰਮ

(ਭਾਗ ੳ)